# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੱਚਾਈ ਅਤੇ ਵਿਸ਼ਵ ਵਿਆਪੀ ਜਮਾਅਤੀ ਤਰੱਕੀਆਂ ਦੀ ਤਸਵੀਰ ਖਿਚੱਣ ਵਾਲੇ ਕੁਝੱ ਕਿਸਿੱਆਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲਾ ਤਆਲਾ ਬਿਨਸਰਹਿਲ ਅਜ਼ੀਜ਼, 19 ਮਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਜਮਾਅਤ ਉੱਤੇ ਰਬੱ ਦੀਆਂ ਮਿਹਰਾਂ ਅਤੇ ਉਸ ਦੇ ਵਧੱਦੇ ਚੱਲ੍ਹੇ ਜਾਣ ਦਾ ਜ਼ਿਕਰ ਕਰਦੇ ਹੋਏ ਫ਼ਰਮਾਉਂਦੇ ਹਨ : ਇਹ ਵੀ ਰਬੱ ਦਾ ਵੱਡਾ ਚਮਤਕਾਰ ਹੈ ਕਿ ਇੰਨ੍ਹੇ ਇੰਨਕਾਰ ਅਤੇ ਸਾਡੇ ਵਿਰੋਧੀਆਂ ਦੀ ਦਿਨ ਰਾਤ ਦੀ ਕੋਸ਼ਿਸ਼ਾਂ ਦੇ ਬਾਦ ਵੀ ਇਹ ਜਮਾਅਤ ਵਧੱਦੀ ਜਾਂਦੀ ਹੈ। ਜਾਣਦੇ ਹੋ ਇਸ ਵਿਚੱ ਕੀ ਹਿਕਮਤ ਹੈ ? ਹਿਕਮਤ ਇਸ ਵਿਚੱ ਇਹ ਹੈ ਕਿ ਰਬੱ ਜਿਸ ਨੂੰ ਭੇਜਦਾ ਹੈ ਅਤੇ ਜੋ ਸੱਚੀ ਰਬੱ ਵੱਲੋਂ ਹੁੰਦਾ ਹੈ। ਉਹ ਹਰ ਰੋਜ਼ ਤਰੱਕੀ ਕਰਦਾ ਅਤੇ ਵਧੱਦਾ ਹੈ ਅਤੇ ਉਸ ਦਾ ਸਿਲਸਿਲਾ ਹਰ ਦਿਨ ਰੌਣਕ ਫੜ੍ਹਦਾ ਜਾਂਦਾ ਹੈ। ਉਸ ਦੇ ਵਿਰੋਧੀ ਅਤੇ ਇੰਨਕਾਰ ਕਰਨ ਵਾਲੇ ਵੱਡੇ ਅਫ਼ਸੋਸ ਨਾਲ ਮਰਦੇ ਹਨ। ਜਿਸ ਨੂੰ ਰਬੱ ਵਧਾਉਣਾ ਚਾਹੁੰਦਾ ਹੈ। ਉਸ ਨੂੰ ਕੋਈ ਰੋਕ ਨਹੀਂ ਸਕਦਾ। ਕਿਉਂਕਿ ਜੇਕਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਉਹ ਸਿਲਸਿਲਾ ਰੁਕੱ ਜਾਵੇ ਤਾਂ ਮੰਨਣਾ ਪਏਗਾ ਕਿ ਰੋਕਣ ਵਾਲਾ ਰਬੱ ਉੱਤੇ ਗ਼ਾਲਬ ਆ ਗਿਆ। ਜਦੋਂ ਕਿ ਰਬੱ ਉੱਤੇ ਕੋਈ ਗ਼ਾਲਬ ਨਹੀਂ ਆ ਸਕਦਾ

ਆਪ ਅਲੈਹਿ ਸਲਾਮ ਦੀ ਇੰਨ੍ਹਾਂ ਗੱਲ੍ਹਾਂ ਦੇ ਪੂਰਾ ਹੋਣ ਦੇ ਨਜ਼ਾਰੇ ਅਸੀਂ ਹਰ ਦਿਨ ਵੇਖਦੇ ਹਨ। ਵਿਰੋਧੀਆਂ ਨੇ ਵੱਖੋਂ-ਵਖੱ ਵੀ ਅਤੇ ਰਲ-ਮਿਲ ਕੇ ਵੀ ਕੋਸ਼ਿਸ਼ਾਂ ਕੀਤੀਆਂ। ਪਰ ਰਬੱ ਨੇ ਜੋ ਹਜ਼ੂਰ ਅਲੈਹਿ ਸਲਾਮ ਤੋਂ ਵਚਨ ਕੀਤਾ ਸੀ ਕਿ ਮੈਂ ਤੇਰੇ ਪ੍ਰਚਾਰ ਨੂੰ ਜ਼ਮੀਨ ਦੇ ਕੰਢਿਆਂ ਤਕੱ ਪਹੁੰਚਾਵਾਂਗਾ ਅਤੇ ਮੈਂ ਤੇਰੇ ਸ਼ਰਧਾਵਾਨ ਅਤੇ ਦਿਲੀ ਪ੍ਰੇਮੀਆਂ ਦੀ ਜਮਾਅਤ ਵਧਾਵਾਂਗਾ। ਉਸ ਵਚਨ ਅਨੁਸਾਰ ਅਸੀਂ ਜਮਾਅਤ ਨੂੰ ਫ਼ੈਲਦਾ ਵੇਖਦੇ ਰਹੇ ਹਨ। ਇਹ ਨਾਂ ਦੇ ਮੌਲਵੀ ਅਤੇ ਵਿਰੋਧੀ ਸਮਝਦੇ ਹਨ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਅਤ ਨੂੰ ਆਪਣੀ ਫੂਕਾਂ ਨਾਲ ਖ਼ਤਮ ਕਰ ਦੇਣਗੇ। ਪਰ ਨਹੀਂ ਜਾਣਦੇ ਕਿ ਉਹ ਰਬੱ ਤੋਂ ਮੁਕਾਬਲਾ ਕਰ ਰਹੇ ਹਨ ਅਤੇ ਰਬੱ ਦੇ ਮੁਕਾਬਲੇ ਉੱਤੇ ਜਦੋਂ ਖੜ੍ਹੇ ਹੋਈਏ ਤਾਂ ਆਪਣੀ ਹੀ ਤਬਾਹੀ ਹੁੰਦੀ ਹੈ ਅਤੇ ਰਬੱ ਆਪਣੇ ਬੰਦੀਆਂ ਦੀ ਮਦਦ ਅਤੇ ਸਹਿਯੋਗ ਅਤੇ ਸਹਾਇਤਾ ਫ਼ਰਮਾਉਂਦਾ ਹੈ।

ਰਬੱ ਦੀ ਮਦਦ ਅਤੇ ਸਹਾਇਤਾ ਅਤੇ ਸਹਿਯੋਗ ਦੇ ਨਜ਼ਾਰੇ ਅਸੀਂ ਸੰਸਾਰ ਦੇ ਦੂਰ ਦਰਾੜ੍ਹੇ ਦੇਸ਼ਾਂ ਵਿਚੱ ਵੀ ਵੇਖਦੇ ਹਨ। ਅਜਿਹੇ ਖੇਤਰਾਂ ਵਿਚੱ ਜਿੱਥੇ ਕਈ ਵਾਰ ਆਪ ਤੌਰ ਉੱਤੇ ਮਨੁਖੱ ਦੀ ਪਹੁੰਚ ਨਹੀਂ ਹੁੰਦੀ। ਬਹੁਤ ਔਖੇ ਰਾਹ ਹਨ। ਪਰ ਰਬੱ ਉੱਥੇ ਵੀ ਆਪਣੀ ਮਦਦ ਦੇ ਨਜ਼ਾਰੇ ਵਿਖਾ ਰਿਹਾ ਹੈ। ਵਿਰੋਧੀ ਆਪਣੀ ਭਰਪੂਰ ਕੋਸ਼ਿਸ਼ਾਂ

ਕਰਦੇ ਹਨ । ਪਰ ਅਸਫ਼ਲਤਾ ਵੇਖਦੇ ਹਨ । ਕੁਝੱ ਥਾਵਾਂ ਉੱਤੇ ਜਾਨ-ਮਾਲ ਦਾ ਨੁਕਸਾਨ ਪਹੁੰਚਾ ਕੇ ਅਹਮਦੀਆਂ ਨੂੰ ਡਰਾਉਣਾ ਚਾਹੁੰਦੇ ਹਨ । ਪਰ ਇਹ ਗੱਲ੍ਹਾਂ ਅਹਮਦੀਆਂ ਦੇ ਵਿਸ਼ਵਾਸ ਵਿਚੱ ਵਾਧਾ ਕਰਦੀਆਂ ਹਨ ।

ਸੰਸਾਰ ਵਿਚੱ ਜੋ ਰਬੱ ਦੀ ਮਦਦ ਦੇ ਕਿੱਸੇ ਹੁੰਦੇ ਹਨ । ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤੋਂ ਰਬੱ ਦੇ ਵਚਨ ਹਨ । ਇਹ ਕਿਵੇਂ ਪੂਰੇ ਹੁੰਦੇ ਹਨ । ਉਨ੍ਹਾਂ ਦਾ ਜ਼ਿਕਰ ਕਰਨਾ ਤਾਂ ਔਖਾਂ ਹੈ । ਪਰ ਇਸ ਸਮੇਂ ਮੈਂ ਜਮਾਅਤ ਦੀ ਤਰੱਕੀ ਦੇ ਕੁਝੱ ਕਿੱਸੇ ਬਿਆਨ ਕਰਾਂਗਾ । ਇੰਨ੍ਹਾਂ ਕਿੱਸਿਆਂ ਤੋਂ ਪਤਾ ਲਗੱਦਾ ਹੈ ਕਿ ਕਿਵੇਂ ਰਬੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੱਚਾਈ ਲੋਕਾਂ ਦੇ ਦਿਲ੍ਹਾਂ ਵਿਚੱ ਪਾ ਰਿਹਾ ਹੈ ।

ਕੁਝੱ ਲੋਕ ਕੇਵਲ ਗਿਆਨ ਦੇ ਘਾਟ ਕਰਕੇ ਵਿਰੋਧਤਾ ਕਰਦੇ ਹਨ ਅਤੇ ਜਦੱ ਉਨ੍ਹਾਂ ਨੂੰ ਹਕੀਕਤ ਦਾ ਗਿਆਨ ਹੁੰਦਾ ਹੈ ਤਾਂ ਸੱਚਾਈ ਨੂੰ ਕਬੂਲ ਵੀ ਕਰ ਲੈਂਦੇ ਹਨ । ਅਜਿਹਾ ਹੀ ਇਕੱ ਕਿੱਸਾ ਕਾਂਗੋ ਕਨਸ਼ਾਸਾ ਦੇ ਅਮੀਰ ਸਾਹਿਬ ਲਿਖੱਦੇ ਹਨ ਕਿ ਉੱਥੇ ਇਕੱ ਪਿੰਡ ਵਿਚੱ ਸਾਡੇ ਮੁਅਲਿਮ ਸਾਹਿਬ ਦੇ ਪ੍ਰਚਾਰ ਦੇ ਦੌਰਾਨ ਲੋਕਲ ਈਮਾਮ ਤੋਂ ਵਫ਼ਾਤੇ ਮਸੀਹ (ਹਜ਼ਰਤ ਈਸਾ ਅਲੈਹਿ ਸਲਾਮ ਦੀ ਮੌਤ) ਆਦਿ ਵਿਸ਼ਿਆਂ ਉੱਤੇ ਗਲ੍ਹੱ ਹੋਈ । ਜਦੱ ਉਹ ਗ਼ੈਰ ਅਹਮਦੀ ਈਮਾਮ ਇਹ ਸਮਝ ਗਿਆ ਕਿ ਹਯਾਤੇ ਮਸੀਹ (ਹਜ਼ਰਤ ਈਸਾ ਅਲੈਹਿ ਸਲਾਮ ਦਾ ਜ਼ਿੰਦਾ ਹੋਣਾ) ਦੇ ਅਕੀਦੇ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਬੇਇਜ਼ੱਤੀ ਅਤੇ ਤੌਹੀਨ ਹੈ ਤਾਂ ਉਨ੍ਹਾਂ ਨੇ ਛੇਤੀ ਨਾਲ ਸੱਚਾਈ ਨੂੰ ਕਬੂਲ ਕਰ ਲਿਆ । ਫ਼ਿਰ ਜ਼ਹੂਰ ਈਮਾਮ ਮਹਦੀ (ਈਮਾਮ ਮਹਦੀ ਅਲੈਹਿ ਸਲਾਮ ਦਾ ਆਉਣਾ) ਦਾ ਮਾਮਲਾ ਵੀ ਉਨ੍ਹਾਂ ਨੂੰ ਸਮਝ ਆ ਗਿਆ । ਸੋ, ਉਹ ਆਪਣੇ ਖ਼ਾਨਦਾਨ ਦੇ ਛ ਮੈਂਬਰਾਂ ਅਤੇ ਇੱਕੀ (21) ਪੈਰੋਕਾਰਾਂ ਨਾਲ ਜਮਾਅਤੇ ਅਹਮਦੀਆ ਵਿਚੱ ਦਾਖ਼ਲ ਹੋ ਗਏ ।

ਕੁਝੱ ਥਾਂ ਕਬੂਲੀਅਤ ਲਈ ਰਬੱ ਆਪ ਜ਼ਮੀਨ ਤਿਆਰ ਕਰਦਾ ਹੈ । ਗਿੰਨੀ ਕਨਾਕਰੀ ਦੇ ਮੁਬਲਿਗ਼ ਲਿਖੱਦੇ ਹਨ ਕਿ ਇਕੱ ਪਿੰਡ ਵਿਚੱ ਪ੍ਰਚਾਰ ਕੀਤਾ ਤਾਂ ਉਸ ਪਿੰਡ ਦੇ ਸਭ ਤੋਂ ਬੁੱਢੇ ਬੰਦੇ ਨੇ ਕਿਹਾ ਕਿ ਮੈਂ ਆਪਣੇ ਦਾਦੇ ਤੋਂ ਇਹ ਸ਼ਬਦ “ਮਹਦੀ” ਬਹੁਤ ਵਾਰ ਸੁਣਿਆ ਸੀ । ਪਰ ਉਸ ਦੀ ਵਿਆਖਿਆ ਪਤਾ ਨਹੀਂ ਸੀ । ਅਜੱ ਆਪ ਨੇ ਉਸ ਦੀ ਵਿਆਖਿਆ ਸਮਝਾ ਦਿੱਤੀ ਹੈ । ਸੋ, ਮੈਂ ਅਹਮਦੀਅਤ ਕਬੂਲ ਕਰਦਾ ਹਾਂ । ਫ਼ਿਰ ਉਨ੍ਹਾ ਨੇ ਪਿੰਡ ਵਾਲਿਆਂ ਨੂੰ ਵੀ ਅਹਮਦੀਅਤ ਕਬੂਲ ਕਰਨ ਨੂੰ ਕਿਹਾ ਜਿਸ ਦੇ ਨਤੀਜੇ ਵਿਚੱ ਈਮਾਮ ਸਹਿਤ ਬਹੁਤ ਸਾਰੇ ਲੋਕਾਂ ਨੇ ਬੈਅਤ ਕੀਤੀ ।

ਇੰਝ ਹੀ ਗ਼ੈਮਬੀਆ ਦੇ ਮੁਬਲਿਗ਼ ਇੰਚਾਰਜ ਲਿਖੱਦੇ ਹਨ ਕਿ ਉੱਥੇ ਇਕੱ ਪਿੰਡ ਵਿਚੱ ਜਦੱ ਤਬਲਿਗ਼ੀ ਟੀਮ ਗਈ ਤਾਂ ਉਨ੍ਹਾਂ ਨੇ ਹੋਰ ਗੱਲ੍ਹਾਂ ਦੇ ਨਾਲ ਬੈਅਤ ਦੀਆਂ ਦਸੱ ਸ਼ਰਤਾਂ ਵੀ ਪੜ੍ਹ ਕੇ ਸੁਣਾਇਆ । ਇਹ ਸ਼ਰਤਾਂ ਸੁਣ ਕੇ ਉਸ ਪਿੰਡ ਦੇ ਸਿਆਣੇ ਲੋਕਾਂ ਨੂੰ ਸਮਝ ਆ ਗਈ ਕਿ ਇਹ ਤਾਂ ਹਕੀਕੀ ਇਸਲਾਮ ਦੀ ਗੱਲ੍ਹਾਂ ਹਨ । ਪਿੰਡ ਵਾਲਿਆਂ ਨੇ ਇਕਰਾਰ ਕੀਤਾ ਕਿ ਅਸੀਂ ਇਸਲਾਮ ਦੀ ਇਹ ਸੋਹਣੀ ਸਿਖਿੱਆ ਪਹਿਲੀ ਵਾਰ ਸੁਣੀ ਹੈ । ਸੋ, ਸਵਾਲ ਜਵਾਬ ਦੇ ਇਕੱ ਲੰਮੇ ਸੈਸ਼ਨ ਦੇ ਬਾਦ ਦੋ ਸੋ ਦੇ ਕਰੀਬ ਲੋਕ ਅਹਮਦੀਅਤ ਵਿਚੱ ਦਾਖ਼ਲ ਹੋ ਗਏ ।

ਅਫ਼ਰੀਕਾ ਦੇ ਇਕੱ ਦੇਸ਼ ਵਿਚੱ ਸਾਡੇ ਮੁਬਲਿਗ਼ ਸਾਹਿਬ ਤੋਂ ਕੁਝੱ ਲੋਕਾਂ ਨੇ ਗਲ੍ਹੱ ਕੀਤੀ ਅਤੇ ਕਿਹਾ ਕਿ ਆਪ ਸਾਡੇ ਇਲਾਕੇ ਵਿਚੱ ਪ੍ਰਚਾਰ ਕਰੋ । ਕਿਉਂਕਿ ਸਾਨੂੰ ਪਤਾ ਹੈ ਕਿ ਆਪ ਲੋਕ ਬਚਿੱਆਂ ਲਈ ਕੁਰਆਨੇ ਸ਼ਰੀਫ਼ ਦੀ ਸਿਖਿੱਆ ਦਾ ਪ੍ਰਬੰਧ ਕਰਦੇ ਹਨ । ਸੋ, ਅਗਲੇ ਦਿਨ ਸਾਡਾ ਗਰੁੱਪ ਉੱਥੇ ਪਹੁੰਚਿਆ ਅਤੇ ਲੰਮੇ ਪ੍ਰਚਾਰ ਸੈਸ਼ਨ ਦੇ ਨਤੀਜੇ ਵਿਚੱ ਉੱਥੇ ਇਕੱ ਵੱਡੀ ਗਿਣਤੀ ਨੇ ਅਹਮਦੀਅਤ ਕਬੂਲ ਕੀਤੀ । ਉਸ ਦੇ ਬਾਦ ਪਿੰਡ ਵਾਲਿਆਂ ਨੇ ਪਿੰਡ ਦੇ ਸਾਰੇ ਬੱਚੇ ਸਾਡੇ ਸਾਮ੍ਹਣੇ ਖੜ੍ਹੇ ਕਰ ਦਿੱਤੇ ਕਿ ਇਹ ਜਮਾਅਤ ਦੇ ਬੱਚੇ ਹਨ ਅਤੇ ਇੰਨ੍ਹਾਂ ਲਈ ਕੁਰਆਨੇ ਕਰੀਮ ਦੀ

ਸਿਖਿੱਆ ਦਾ ਪ੍ਰਬੰਧ ਕੀਤਾ ਜਾਏ । ਸੋ, ਮੁਬਲਿਗ਼ ਸਿਲਸਿਲਾ ਨੇ ਦੋ ਬੱਚੇ ਚੁਣੇ ਕਿ ਉਨਾਂ ਨੂੰ ਕੁਰਆਨੇ ਕਰੀਮ ਸਿਖਾਇਆ ਜਾਵੇਗਾ ਅਤੇ ਇਹ ਵਾਪਸ ਆ ਕਰ ਆਪਣੇ ਇਲਾਕੇ ਦੇ ਹੋਰ ਬੱਚਿਆਂ ਨੂੰ ਕੁਰਆਨੇ ਕਰੀਮ ਪੜ੍ਹਾਉਣਗੇ

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਪਾਕਿਸਤਾਨ ਵਿਚੱ ਸਾਡੇ ਕੁਰਆਨ ਪੜ੍ਹਣ ਤਾਂ ਕੀ ਸੁਣਨ ਉੱਤੇ ਵੀ ਪਾਬੰਦੀ ਲਾਈ ਜਾਂਦੀ ਹੈ । ਇਕੱ ਅਹਮਦੀ ਉੱਤੇ ਇਸ ਲਈ ਮੁਕਦਮਾ ਕਾਯਮ ਹੋ ਗਿਆ ਕਿ ਇਹ ਕੁਰਆਨੇ ਕਰੀਮ ਕਿਉਂ ਸੁਣ ਰਿਹਾ ਸੀ । ਇਕੱ ਅਹਮਦੀ ਉੱਤੇ ਇਸ ਲਈ ਮੁਕਦਮਾ ਹੋ ਗਿਆ ਕਿ ਉਹ ਕੁਰਆਨੇ ਕਰੀਮ ਦੀ ਤਿਲਾਵਤ ਕਿਉਂ ਸੁਣ ਰਿਹਾ ਸੀ । ਇਹ ਹੈ, ਇਨ੍ਹਾਂ ਨਾਂ ਦੇ ਮੁਸਲਮਾਨਾਂ ਦਾ ਇਸਲਾਮ ਅਤੇ ਦੂਜੇ ਪਾਸੇ ਲੋਕ ਆਪਣੇ ਬਚਿੱਆਂ ਨੂੰ ਜਮਾਅਤ ਦੇ ਹਵਾਲੇ ਕਰ ਰਹੇ ਹਨ ਕਿ ਇੰਨ੍ਹਾਂ ਨੂੰ ਕੁਰਆਨੇ ਸ਼ਰੀਫ਼ ਪੜ੍ਹਾਓ, ਸਿਖਾਓ । ਕਿਉਂਕਿ ਜਮਾਅਤ ਹੀ ਕੁਰਆਨੇ ਕਰੀਮ ਦਾ ਸਹੀ ਗਿਆਨ ਰਖੱਦੀ ਹੈ ।

ਅਫ਼ਰੀਕੀ ਦੇਸ਼ ਚਾਡ ਦੀ ਰਾਜਧਾਨੀ ਵਿਚੱ ਸਾਡੀ ਪਹਿਲੀ ਮਸਜਿਦ ਬਣੀ ਤਾਂ ਈਰਖਾ ਕਰਨ ਵਾਲਿਆਂ ਨੇ ਕਠੋਰ ਵਿਰੋਧਤਾ ਸ਼ੁਰੂ ਕਰ ਦਿੱਤੀ । ਜਮਾਅਤ ਦੇ ਖ਼ਿਲਾਫ਼ ਉੱਥੇ ਦੀ ਇਸਲਾਮੀ ਕੌਂਸਲ ਵਿਚੱ ਸ਼ਕਾਇਤ ਕੀਤੀ ਤਾਂ ਉਨਾਂ ਨੇ ਉਤੱਰ ਦਿੱਤਾ ਕਿ ਇਬਾਦਤ ਕਰਨਾ ਅਹਮਦੀਆਂ ਦਾ ਹਕੱ ਹੈ । ਅਸੀਂ ਉਨਾਂ ਦੀ ਮਸਜਿਦ ਨੂੰ ਕਿਵੇਂ ਬੰਦ ਕਰ ਸਕਦੇ ਹਨ । ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਉੱਥੇ ਦੀ ਇਸਲਾਮੀ ਕੌਂਸਲ ਨੂੰ ਘੱਟੋ ਘਟੱ ਅਕਲ ਹੈ ਅਤੇ ਉਹ ਇੰਨਸਾਫ਼-ਪਸੰਦ ਹੈ । ਪਾਕਿਸਤਾਨ ਵਿਚੱ ਤਾਂ ਜਜੱ ਵੀ ਜਮਾਅਤੇ ਅਹਮਦੀਆ ਦੇ ਖ਼ਿਲਾਫ਼ ਈਰਖਾ ਰਖੱਦੇ ਹਨ ਅਤੇ ਅਹਮਦੀਆਂ ਨੂੰ ਆਪਣੀ ਮਸਜਿਦ ਵਿਚੱ ਇਬਾਦਤ ਕਰਨ ਅਤੇ ਆਪਣੀ ਇਬਾਦਤ ਸਥਲਾਂ ਨੂੰ ਮਸਜਿਦ ਕਹਿਣ ਦੀ ਵੀ ਆਜ਼ਾਦੀ ਨਹੀਂ । ਖ਼ੈਰ ਇਸਲਾਮੀ ਕੌਂਸਲ ਨੇ ਈਰਖਾ ਕਰਨ ਵਾਲੀਆਂ ਨੂੰ ਕਿਹਾ ਕਿ ਜੇਕਰ ਤੁਹਾਨੂੰ ਫ਼ਸਾਦ ਦਾ ਡਰ ਹੈ ਤਾਂ ਪੂਲਿਸ ਵਿਚੱ ਰਿਪੋਰਟ ਕਰੋ । ਪੂਲਿਸ ਵਿਚੱ ਰਿਪੋਰਟ ਕੀਤੀ ਗਈ ਤਾਂ ਪੂਲਿਸ ਨੇ ਪੂਰੀ ਜਾਂਚ-ਪੜ੍ਹਤਾਲ ਕੀਤੀ । ਮਸਜਿਦ ਬਣਾਉਣ ਦਾ ਆਗਿਆ ਪਤੱਰ ਅਤੇ ਜਮਾਅਤ ਦੀ ਰਜਿਸਟਰੈਸ਼ਨ ਦੇ ਕਾਗ਼ਜ਼ ਚੈਕੱ ਕੀਤੇ । ਇਲਾਕੇ ਦੇ ਚੀਫ਼ ਨੂੰ ਪੁਛਿੱਆ । ਮਸਜਿਦ ਦਾ ਦੌਰਾ ਕੀਤਾ ਅਤੇ ਪੂਲਿਸ ਇਸੇ ਨਤੀਜੇ ਉੱਤੇ ਪਹੁੰਚੀ ਕਿ ਜਮਾਅਤੇ ਅਹਮਦੀਆ ਨੇ ਕੋਈ ਨਵਾਂ ਧਰਮ ਕਾਯਮ ਨਹੀਂ ਕੀਤਾ ਅਤੇ ਨ ਹੀ ਇਹ ਨਾਊਜ਼-ਬਿੱਲਾਹ ਆਂਹਜ਼ੂਰ ਸਲੱਲਾਹੋ ਅਲੈਹਿ ਵਸਲੱਮ ਦੀ ਬੇਇਜ਼ੱਤੀ ਕਰਦੇ ਹਨ ।

ਰਬੱ ਨੇ ਜਿਸ ਨੂੰ ਹਦਾਯਤ ਦੇਣੀ ਹੋਵੇ । ਉਸ ਲਈ ਹਦਾਯਤ ਦੇ ਪ੍ਰਬੰਧ ਵੀ ਅਜੀਬ ਤਰੀਕੇ ਨਾਲ ਕਰਦਾ ਹੈ । ਸਾਊਥੋਮੇ, ਅਫ਼ਰੀਕਾ ਦਾ ਇਕੱ ਇਲਾਕਾ ਹੈ । ਉੱਥੇ ਦੇ ਮੁਬਲਿਗ਼ ਇੰਚਾਰਜ ਸਾਹਿਬ ਲਿਖੱਦੇ ਹਨ ਕਿ ਸਾਊਥੋਮੇ ਵਿਚੱ ਇਕੱ ਸੈਲਾਨੀ ਜੋ ਮਰਾਕਸ਼ ਤੋਂ ਆਇਆ ਸੀ । ਉਸ ਨੇ ਉੱਥੇ ਸਾਡੀ ਮਸਜਿਦ ਵਿਚੱ ਜੁਮਆ ਪੜ੍ਹਿਆ । ਉੱਥੇ ਉਸ ਨੇ "ਸਿਰੱਉਲੱ ਖ਼ਿਲਾਫ਼ਾ" ਅਤੇ "ਧਰਮ ਦੇ ਨਾਂ ਉੱਤੇ ਖ਼ੂਨ" ਅਰਬੀ ਭਾਸ਼ਾ ਵਿਚੱ ਪੜ੍ਹਿਆਂ । ਐਮ.ਟੀ.ਏ ਅਲ-ਅਰਬਿਆ ਦੇ ਕੁਝੱ ਪ੍ਰੋਗਰਾਮ ਵੇਖੇ । ਆਲਮੀ ਬੈਅਤ ਦੀ ਰਿਕਾਰਡਿੰਗ ਵੇਖੀ । ਫ਼ਿਰ ਕੁਝੱ ਸਮੇਂ ਬਾਦ ਮੁੜ੍ਹ ਆਇਆ ਅਤੇ ਬੈਅਤ ਫ਼ਾਰਮ ਮੰਗਿਆ ਅਤੇ ਛੇਤੀ ਨਾਲ ਬੈਅਤ ਫ਼ਾਰਮ ਭਰ ਦਿੱਤਾ । ਸਾਡੇ ਮੁਬਲਿਗ਼ ਸਾਹਿਬ ਨੇ ਕਿਹਾ ਕਿ ਕੁਝੱ ਦਿਨ ਸੋਣ ਲਓ ਅਤੇ ਦੂਆ ਕਰ ਲਓ । ਫ਼ਿਰ ਬੈਅਤ ਕਰ ਲੈਣਾ । ਪਰ ਉਸ ਨੇ ਕਿਹਾ ਕਿ ਮੈਂ ਸਾਰੀ ਰਾਤ ਦੂਆਵਾਂ ਕੀਤੀ ਹਨ ਅਤੇ ਜੇਕਰ ਈਮਾਮ ਦੀ ਬੈਅਤ ਕੀਤੇ ਬਿਨਾਂ ਮੈਂ ਮਰ ਗਿਆ ਤਾਂ ਮੇਰੀ ਮੌਤ ਅਣਪੜ੍ਹਤਾ ਦੀ ਮੌਤ ਹੋਵੇਗੀ । ਸੋ, ਉਸ ਨੇ ਛੇਤੀ ਬੈਅਤ ਕਰ ਲਈ । ਹਜ਼ੂਰ ਨੇ ਫ਼ਰਮਾਇਆ : ਹੁਣ ਇਸ ਦੇ ਬਾਦ ਵੀ ਕਿ ਮਰਾਕਸ਼ ਵਿਚੱ ਅਹਮਦੀ ਹਨ । ਜਮਾਅਤ ਹੈ । ਪਰ ਉਸ ਨੂੰ ਜਮਾਅਤ ਨਾਲ ਜਾਣ ਪਛਾਣ ਉੱਥੇ ਨਹੀਂ ਹੋ ਸਕੀ । ਰਬੱ ਨੇ ਉਸ ਨੂੰ ਅਫ਼ਰੀਕਾ ਦੇ ਇਕੱ ਦੂਜੇ ਦੇਸ਼ ਵਿਚੱ ਭੇਜਿਆ । ਦੂਰ ਦਰਾਡੇ ਇਲਾਕੇ ਵਿਚੱ । ਉੱਥੇ ਜਾ ਕੇ ਉਸ ਦੀ ਹਦਾਯਤ ਦਾ ਸਮਾਨ ਪੈਦਾ ਕੀਤਾ ।

ਸੈਂਟਰਲ ਅਫ਼ਰੀਕਾ ਵਿਚੱ ਇਕੱ ਸਾਹਿਬ ਨੇ ਜਦੱ ਜਮਾਅਤ ਬਾਰੇ ਖੋਜ ਕਰ ਲਈ ਅਤੇ ਬੈਅਤ ਫ਼ਾਰਮ ਭਰਨ ਲੱਗੇ ਤਾਂ ਉਨ੍ਹਾਂ ਦੀ ਅੱਖਾਂ ਵਿੱਚੋਂ ਅਥਰੂ ਵਹਿ ਗਏ। ਪੁਛੱਣ ਉੱਤੇ ਕਹਿਣ ਲੱਗੇ ਕਿ ਮੈਂ ਜਮਾਅਤ ਦੇ ਵਿਰੋਧੀਆਂ ਤੋਂ ਜਮਾਅਤ ਬਾਰੇ ਬਹੁਤ ਕੁਝੱ ਸੁਣਿਆ ਹੈ। ਪਰ ਇਹ ਬੈਅਤ ਫ਼ਾਰਮ ਅਤੇ ਉਸ ਦੀਆਂ ਦਸੱ ਸ਼ਰਤਾਂ ਨੂੰ ਪੜ੍ਹ ਕੇ ਮੈਨੂੰ ਆਪਣੀ ਪੁਰਾਣੀ ਜ਼ਿੰਦਗੀ ਤੋਂ ਘਿੰਨ ਆ ਰਹੀ ਹੈ। ਇਸ ਬੈਅਤ ਫ਼ਾਰਮ ਨੂੰ ਪੜ੍ਹ ਕੇ ਮੈਂ ਜਾਨ ਲਿਆ ਕਿ ਜਮਾਅਤੇ ਅਹਮਦੀਆ ਇਕੱ ਸੱਚੀ ਅਤੇ ਖਰੀ ਜਮਾਅਤ ਹੈ।

ਹਜ਼ੂਰੇ ਅਨਵਰ ਨੇ ਏਵਰੀ ਕੋਸਟ, ਬੈਲੀਜ਼, ਉਜ਼ਬੇਗਿਸਤਾਨ ਅਤੇ ਗਿਆਨਾ ਆਦਿ ਦੇਸ਼ਾਂ ਤੋਂ ਅਹਮਦੀਅਤ ਕਬੂਲ ਕਰਨ ਦੇ ਕਈ ਇਮਾਨ ਵਧਾਉਣ ਵਾਲੇ ਕਿੱਸੇ ਪੈਸ਼ ਕਰਨ ਦੇ ਬਾਦ ਫ਼ਰਮਾਇਆ ਕਿ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਰਬੱ ਦੇ ਵਚਨ ਪੂਰੇ ਹੋਣ ਦੇ ਇਹ ਕੁਝੱ ਕਿੱਸੇ ਬਿਆਨ ਕੀਤੇ ਹਨ। ਅਜਿਹੇ ਬਹੁਤ ਸਾਰੇ ਕਿੱਸੇ ਹਨ। ਵਿਰੋਧੀ ਆਪਣੀਆਂ ਅਣਥਕੱ ਕੋਸ਼ਿਸ਼ਾਂ ਕਰ ਰਹੇ ਹਨ। ਪਰ ਦੂਜੇ ਪਾਸੇ ਰਬੱ ਸੰਸਾਰ ਦੇ ਹਰ ਦੇਸ਼ ਵਿਚੱ ਜਮਾਅਤ ਦੀ ਤਰੱਕੀ ਦੀਆਂ ਨਵੀਆਂ ਰਾਹਾਂ ਖੋਲ੍ਹ ਰਿਹਾ ਹੈ। ਸੋ, ਇਸ ਗਲੱ ਉੱਤੇ ਜਿੱਥੇ ਸਾਨੂੰ ਰਬੱ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਉੱਥੇ ਆਪਣੀ ਹਾਲਤਾਂ ਦੀ ਪੜ੍ਹਚੋਲ ਵੀ ਕਰਨੀ ਚਾਹੀਦੀ ਹੈ। ਆਪਣੇ ਵਿਸ਼ਵਾਸ ਨੂੰ ਮਜ਼ਬੂਤ ਕਰਨਾ ਦੀ ਵੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਆਪਣੀ ਨਸਲਾਂ ਦੇ ਦਿਲ੍ਹਾਂ ਵਿਚੱ ਵੀ ਇਹ ਗਲੱ ਪੱਕੇ ਤੌਰ ਉੱਤੇ ਪਾਉਣੀ ਚਾਹੀਦੀ ਹੈ ਕਿ ਮੁਸ਼ਕਿਲਾਂ ਤਾਂ ਆਉਂਦੀਆਂ ਹਨ। ਪਰ ਅੰਤਿਮ ਜਿਤੱ ਰਬੱ ਦੀ ਕਾਯਮ ਕੀਤੀ ਜਮਾਅਤ ਦੀ ਹੈ। ਇਸ ਲਈ ਕਦੇ ਆਪਣੇ ਵਿਸ਼ਵਾਸਾਂ ਨੂੰ ਹਿਲਣ ਨ ਦਿਓ। ਰਬੱ ਨਵੇਂ ਆਉਣ ਵਾਲਿਆਂ ਅਤੇ ਪੁਰਾਣੇ ਸਭ ਅਹਮਦੀਆਂ ਨੂੰ ਮਜ਼ਬੂਤੀ ਬਖ਼ਸ਼ੇ। ਵਿਸ਼ਵਾਸ ਅਤੇ ਯਕੀਨ ਵਿਚੱ ਵਧਾਉਂਦਾ ਚਲਾ ਜਾਵੇ। ਆਮੀਨ

ਖ਼ੁਤਬੇ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ 04 ਸਰਗਵਾਸੀਆਂ ਦਾ ਜ਼ਿਕਰ ਫ਼ਰਮਾਇਆ ਅਤੇ ਉਨਾਂ ਦੀ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਮ ਫ਼ਰਮਾਇਆ : 1-ਪਰਵੀਨ ਅਖ਼ਤਰ ਸਾਹਿਬਾ ਪਤਨੀ ਗ਼ੁਲਾਮ ਕਾਦਰ ਸਾਹਿਬ ਆਫ਼ ਸਿਆਲਕੋਟ। ਜੋ 90 ਸਾਲ ਦੀ ਉਮਰ ਵਿਚੱ ਆਕਾਲ ਚਲਾਣਾ ਕਰ ਗਈਂ। ਉਨਾਂ ਦਾ ਇਕੱ ਪੁਤੱਰ ਆਰਿਫ਼ ਮਹਿਮੂਦ ਸਾਹਿਬ ਮੁਬਲਿਗ਼ ਸਿਲਸਿਲਾ ਬੈਨਨ ਹਨ। ਜੋ ਮੈਦਾਨੇ ਅਮਲ ਵਿਚੱ (ਡਯੂਟੀ ਉੱਤੇ) ਹੋਣ ਕਰਕੇ ਆਪਣੀ ਮਾਂ ਦੇ ਜਨਾਜ਼ੇ ਵਿਚੱ ਵੀ ਸ਼ਾਮਿਲ ਨਹੀਂ ਹੋ ਸਕੇ। 2-ਮੁਮਤਾਜ਼ ਵਸੀਮ ਸਾਹਿਬਾ ਪਤਨੀ ਚੌਧਰੀ ਵਸੀਮ ਅਹਮਦ ਨਾਸਰ ਸਾਹਿਬ ਆਫ਼ ਘਟਿੱਆਲੀਆਂ। ਉਨ੍ਹਾਂ ਦੇ ਦੋ ਪੁਤੱਰ ਵਕਫ਼ ਹਨ। ਇਕੱ ਬੇਟਾ ਗ਼ੈਮਬੀਆ ਵਿਚੱ ਮੁਬਲਿਗ਼ ਸਿਲਸਿਲਾ ਹੈ। 3-ਬਰਗੈਡੀਅਰ ਮੁਨਵੱਰ ਅਹਮਦ ਰਾਨਾ ਸਾਹਿਬ, ਜਨਰਲ ਸੈਕਟਰੀ ਜ਼ਿਲ੍ਹਾ ਰਾਵਲਪਿੰਡੀ। 4-ਗਰੁੱਪ ਕੈਪਟਨ ਰਿਟਾਇਰਡ ਸ਼ਕੂਰ ਮਲਿਕ ਸਾਹਿਬ, ਸਾਬਕ ਨਾਇਬ ਅਮੀਰ ਜਮਾਅਤੇ ਅਹਮਦੀਆ ਰਾਵਲਪਿੰਡੀ। ਰਬੱ ਮਰਹੂਮੀਨ ਤੋਂ ਬਖ਼ਸ਼ਿਸ਼ ਅਤੇ ਰਹਿਮ ਦਾ ਸਲੂਕ ਫ਼ਰਮਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔